**ਸਤਿਕਾਰਯੋਗ ਜੀਓ,**

**ਵਾਹਿਗੁਰੂ ਜੀ ਕਾ ਖ਼ਾਲਸਾ॥**
**ਵਾਹਿਗੁਰੂ ਜੀ ਕੀ ਫ਼ਤਹਿ॥**

**ਅੱਜ ਆਪਾਂ ਸਾਰਿਆਂ ਨੂੰ** COP 28 **ਵਿੱਚ ਮਿਲ ਬੈਠ ਕੇ ਵੀਚਾਰਾਂ ਕਰਨ ਦਾ ਇਹ ਕੀਮਤੀ ਅਵਸਰ ਪ੍ਰਾਪਤ ਹੋਇਆ ਹੈ।**

- **ਦਾਸ ਗੁਰਪ੍ਰੀਤ ਸਿੰਘ ਨਿਸ਼ਾਨ–ਏ–ਸਿੱਖੀ ਖਡੂਰ ਸਾਹਿਬ, ਪੰਜਾਬ, ਇੰਡੀਆ– ਜਿਸਦੇ ਚੈਅਰਮੈਨ ਬਾਬਾ ਸੇਵਾ ਸਿੰਘ ਜੀ ਹਨ, ਉਹਨਾਂ ਵੱਲੋਂ ਆਪ ਜੀ ਨਾਲ ਵਿਚਾਰਾਂ ਸਾਂਝੀਆਂ ਕਰਨ ਜਾ ਰਿਹਾ ਹੈ।**
- **ਅੱਜ ਦੇ ਸਮੇਂ ਵਿੱਚ ਵਿਸ਼ਵ ਪੱਧਰ ‘ਤੇ ਵੱਧ ਰਹੀ ਕਾਰਬਨ ਇਮੀਸ਼ਨ ਦੀ ਸਮੱਸਿਆ ਨਾਲ ਸਾਰੀ ਦੁਨੀਆ ਜੂਝ ਰਹੀ ਹੈ ਅਤੇ ਦੁਨੀਆ ਭਰ ਦੀਆਂ ਵੱਖ ਵੱਖ ਸੰਸਥਾਂਵਾਂ ਇਸਨੂੰ ਰੋਕਣ ਲਈ ਉਪਰਾਲੇ ਕਰ ਰਹੀਆਂ ਹਨ। ਇਸੇ ਲੜੀ ਦੇ ਤਹਿਤ ਨਿਸ਼ਾਨ–ਏ–ਸਿੱਖੀ ਸੰਸਥਾ ਵੱਲੋਂ ਵੀ ਉਪਰਾਲੇ ਕੀਤੇ ਜਾ ਰਹੇ ਹਨ, ਜੋ ਆਪ ਜੀ ਨਾਲ ਸਾਂਝੇ ਕਰਨ ਜਾ ਰਹੇ ਹਾਂ।**
- **ਪੰਦ੍ਹਰਵੀਂ ਸਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਸਮੁੱਚੀ ਮਾਨਵਤਾ ਨੂੰ ‘ ਬਲਿਹਾਰੀ ਕੁਦਰਤਿ ਵਸਿਆ’ ਦਾ ਇੱਕ ਸਾਂਝਾ ਪਾਠ ਪੜ੍ਹਾਇਆ ਅਤੇ ਸਾਡੀ ਧਰਤੀ ਉੱਤੇ ਰਹਿਣ ਵਾਲੇ ਸਾਰੇ ਜੀਵ–ਜੰਤੂਆਂ, ਪਸ਼ੂ–ਪੰਛੀਆਂ ਅਤੇ ਮਨੁੱਖ ਨੂੰ ਇੱਕ ਲੜੀ ਵਿੱਚ ਪਰੋਦਿਆਂ ਇਸ ਧਰਤੀ ਉੱਤੇ ਸਾਰਿਆਂ ਦਾ ਬਰਾਬਰ ਦਾ ਹੱਕ ਦੱਸਿਆ।**
- **‘ਪਵਣੁ ਗੁਰੁ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਦਾ ਫ਼ੁਰਮਾਨ ਕਰਦੇ ਹੋਏ, ਮਨੁੱਖ ਦਾ ਰਿਸ਼ਤਾ ਨਾਤਾ ਅਤੇ ਸੰਬੰਧ ਇਸ ਧਰਤੀ ਦੀਆਂ ਨਿਆਮਤਾਂ ਹਵਾ, ਪਾਣੀ ਅਤੇ ਮਿੱਟੀ ਨਾਲ ਜੋੜਿਆ।**
- **ਸਿੱਖੀ ਵਿੱਚ ਇਹ ਨਾਤਾ ਪਿਆਰ, ਸਤਿਕਾਰ ਅਤੇ ਸਹਿਜ ਦਾ ਹੈ, ਜਿਸ ਵਿੱਚ ਮਨੁੱਖ ਕੁਦਰਤ ਅਤੇ ਇਸ ਨਾਲ ਸੰਬੰਧਿਤ ਹਰ ਜੀਵ ਜੰਤੂ ਦੀ ਸੰਭਾਲ ਕਰੇ ਅਤੇ ਪਿਆਰ ਕਰੇ।**
- **ਇਹ ਅਹਿਸਾਸ ਜਾਂ ਉੱਦਮ ਕਿਸੇ ਡਰ ਕਾਰਨ ਨਹੀਂ ਕਿ ਮਨੁੱਖੀ ਜੀਵਨ ਖ਼ਤਮ ਹੋ ਜਾਵੇਗਾ ਸਗੋਂ ਗੁਰੂ ਸਾਹਿਬ ਦੁਆਰਾ ਪੜ੍ਹਾਏ ਪਾਠ, ਜਿਸ ਵਿੱਚ ਪਿਆਰ, ਸਾਂਝ ਅਤੇ ਮੁਹੱਬਤ  ਹੈ, ਜਿਸ ਵਿੱਚ ਸਤਿਕਾਰ ਹੈ, ਜਿੰਮੇਵਾਰੀ ਹੈ, ਉਸ ਦੇ ਨਾਤੇ ਆਪਣੀ ਇਸ ਧਰਤੀ ਦੀ ਸੰਭਾਲ ਅਤੇ ਸੇਵਾ ਵਾਸਤੇ ਨਿਸ਼ਾਨ–ਏ–ਸਿੱਖੀ, ਕਾਰ ਸੇਵਾ ਖਡੂਰ ਸਾਹਿਬ ਕਾਰਜਸ਼ੀਲ ਹੈ।**
- **ਨਿਸ਼ਾਨ–ਏ–ਸਿੱਖੀ, ਖਡੂਰ ਸਾਹਿਬ ਇਸ ਵਿਚਾਰ, ਸਿਧਾਂਤ ਅਤੇ ਰਸਤੇ ‘ਤੇ ਲਗਭਗ ਪਿਛਲੇ ਦੋ ਦਹਾਕਿਆਂ** 1999 **ਤੋਂ ਕਾਰਜ ਕਰ ਰਿਹਾ ਹੈ। ਇਸ ਵਿੱਚ:**
    - **ਪਸ਼ੂ–ਪੰਛੀਆਂ ਅਤੇ ਜੀਵ–ਜੰਤੂਆਂ ਦੇ ਆਵਾਸ ਅਤੇ ਰੈਣ ਬਸੇਰਿਆਂ ਲਈ ਹੁਣ ਤੱਕ** 300 **ਜੰਗਲ ਲਗਾਏ ਜਾ ਚੁੱਕੇ ਹਨ।**
    - 520 **ਕਿਲੋਮੀਟਰ ਸੜਕਾਂ ਦੇ ਕਿਨਾਰੇ ਦਰੱਖਤ ਲਗਾਏ ਜਾ ਚੁੱਕੇ ਹਨ।**

- ਜਨਤਕ  ਅਤੇ ਹੋਰ ਖੁੱਲ੍ਹੀਆਂ ਥਾਂਵਾਂ ‘ਤੇ 5000 ਬੋਹੜ, 5000 ਪਿੱਪਲ, ਅਤੇ ਇਸ ਤੋਂ ਇਲਾਵਾ ਵਾਤਾਵਰਨ ਨੂੰ ਸ਼ੁੱਧ ਕਰਨ ਵਾਲੇ ਹੋਰ ਵੀ ਵੱਡੇ ਦਰੱਖਤ ਲਗਾਏ ਜਾ ਚੁੱਕੇ ਹਨ।
- ਜੈਵਿਕ ਖੇਤੀ ਨੂੰ ਅਪਣਾ ਕੇ ਧਰਤੀ ਦੀ ਕੁੱਖ ਵਿੱਚ ਜ਼ਹਿਰ ਘੁਲਣ ਤੋਂ ਬਚਾਉਣ ਵਾਸਤੇ ਅਸੀਂ ਆਪ ਵੀ ਜੈਵਿਕ ਖੇਤੀ ਕਰ ਰਹੇ ਹਾਂ ਅਤੇ ਕਿਸਾਨਾਂ ਨੂੰ ਇਸ ਵਾਸਤੇ ਲਗਾਤਾਰ ਪ੍ਰੇਰਿਤ ਵੀ ਕਰ ਰਹੇ ਹਾਂ।
- ਸੰਜਮਮਈ ਜੀਵਨ ਅਤੇ ਵੰਡ ਕੇ ਛਕਣ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕਰ ਰਹੇ ਹਾਂ।
- ਕਿਸਾਨਾਂ ਨੂੰ ਬਾਗ਼ਬਾਨੀ ਲਈ ਉਤਸ਼ਾਹਿਤ ਕਰਨ ਦੇ ਤਹਿਤ ਹੁਣ ਤੱਕ 250 ਏਕੜ ਬਾਗ਼ ਲਗਾਏ ਜਾ ਚੁੱਕੇ ਹਨ।
- ਮੀਂਹ ਦੇ ਪਾਣੀ ਦੀ ਸੁਚੱਜੀ ਸੰਭਾਲ ਵਾਸਤੇ 15 ਪ੍ਰਾਜੈਕਟ ਲਗਾਏ ਜਾ ਚੁੱਕੇ ਹਨ ।
- ਸੂਰਜੀ ਊਰਜਾ ਦੁਆਰਾ ਬਿਜਲੀ ਉਤਪਾਦਨ ਕਰਨ ਵਾਸਤੇ 443 ਕਿਲੋਵਾਟ ਸਮਰੱਥਾ ਵਾਲੇ ਵੱਖ–ਵੱਖ ਸੋਲਰ ਪਲਾਂਟ ਲਗਾਏ ਜਾ ਚੁੱਕੇ ਹਨ।

ਸੋ ਇਹ ਸਾਰੇ ਕਾਰਜ ਸਤਿਕਾਰਯੋਗ ਬਾਬਾ ਸੇਵਾ ਸਿੰਘ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਨਿਰੰਤਰ ਜਾਰੀ ਹਨ। ਨਿਸ਼ਾਨ–ਏ–ਸਿੱਖੀ ਖਡੂਰ ਸਾਹਿਬ ਦਾ ਵਾਤਾਵਰਣ ਨੂੰ ਸਮਰਪਿਤ ਇਹ ਕਾਫ਼ਲਾ ਮਾਨਵਤਾ ਨੂੰ ਇਹੀ ਸੁਨੇਹਾ ਦਿੰਦਾ ਹੈ ਕਿ ਮਨੁੱਖ ਅਤੇ ਕੁਦਰਤ ਦਾ ਬਹੁਤ ਹੀ ਪਾਕ ਅਤੇ ਪਵਿੱਤਰ ਰਿਸ਼ਤਾ ਹੈ। ਇਸ ਮਨੁੱਖ ਨੇ ਸਮਝਦਾਰੀ ਅਤੇ ਜਿੰਮੇਵਾਰੀ ਨਾਲ ਆਪਣੇ ਫ਼ਰਜ਼ਾਂ ਨੂੰ ਪਹਿਚਾਣਦੇ ਹੋਏ, ਇਸ ਧਰਤੀ ਦੇ ਕੁਦਰਤੀ ਸੰਤੁਲਨ ਨੂੰ ਸਥਾਪਿਤ ਰੱਖਣਾ ਹੈ।

ਇੱਥੇ ਦਾਸ ਇਹ ਦੱਸਣਾ ਚਾਹੇਗਾ ਕਿ ਅਸੀਂ ਇੱਥੇ ਸਿੱਖ ਹਿਊਮਨ ਰਾਈਟਸ ਗਰੁੱਪ ਯੂ.ਕੇ. ਦੇ ਨਾਲ ਪਹੁੰਚੇ ਹਾਂ, ਇਸ ਸੰਸਥਾ ਸਾਡੇ ਨਾਲ ਇਹਨਾਂ ਕਾਰਜਾਂ ਵਿੱਚ ਸਹਿਯੋਗ ਕਰਦੀ ਹੈ।

ਧੰਨਵਾਦ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

**Respected all**

**Waheguru ji ka Khalsa. Waheguru ji ki Fateh.**

- **Today we are gathered here at side event of COP 28 to discuss different approaches to clean the atmosphere.**
- **Here is Gurpreet Singh from Nishan-E-Sikhi Kaar Sewa Khadur Sahib- an environmental organization running under the able guidance of philanthropist Baba Sewa Singh- the Chairman of Nishan-E-Sikhi.**
- **The whole world is facing the climatic crisis due to increasing carbon emissions. The different organizations of the world are dealing with the crisis through multiple approaches. Nishan-E-Sikhi Khadur Sahib is working on different environmental projects under the following approach.**
- **Sri Guru Nanak Dev Ji laid the foundation of Sikhism in 15th century and taught a common lesson to the whole humanity. Guru Sahib emphasized the omnipresence of the Almighty Waheguru while saying "Balihari Kudrat Vasya". He treated equally all the living creatures- animals, birds and human beings.**
- **The concept of "Pawan Guru Pani Pita Mata Dharat Mahat"- "The air is Guru, the water is Father and the earth is mother"- corelates the human beings to all the blessings of this earth in the form of air, water and soil.**
- **In Sikhism, this relation imbibes the virtues of love, respect and tranquillity where human beings should nurture and love every other creature.**
- **The sensitivity is not because of the fear of extinction of life, rather it is due to the preaching of Guru Sahib, which inculcate a sense of gratitude and responsibility. Thus, Nishan-E-Sikhi Kaar Sewa Khadur Sahib is actually engaged in the preservation of mother Earth.**
- **Nishan-E-Sikhi Khadur Sahib is executing its services in the above said fields since last two decades (since 1999). The following projects are being run efficiently:**
    - **300 mini-forests have been established for developing the habitat of birds, animals and other creatures.**

- **520 km roads have been covered under Roadside tree plantation project.**
- **5000 Banyan trees and 5000 Sacred figs have been planted at different public as well as open spaces for atmospheric cleaning.**
- **Practical implementation and encouragement of organic farming in order to remove toxicity and preserve the mother Earth.**
- **Implementation and upliftment of the attributes of sharing and low consumption.**
- **Horticultural practices in more than 250 acres and motivation to farmers for the same.**
- **Construction of 15 Rainwater harvesting projects at different complexes.**
- **Establishment of the 443 kW solar energy plants.**
- **All the above-mentioned projects are being run efficiently under the patronage of Baba Sewa Singh ji Kaar Sewa Khadur Sahib. Devoted to the noble cause of the environment, this caravan of Nishan-E-Sikhi has only one message to the humanity that the relation of man and nature is sacred. So human beings should take the responsibility of maintaining the balance and preserving the environment.**
- **Here I want to share that we are here with SHRG London who are regularly working with us in these projects.**

  **Thanks.**

**Waheguru ji ka Khalsa.**

**Waheguru ji ki Fateh.**